ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
ਪਲਾਟ ਨੰ:1-ਏ, ਸੈਕਟਰ 36-ਏ, ਚੰਡੀਗੜ੍ਹ।
**website: www.punjabitis.gov.in, e-mail: dittrg36@gmail.com**
**Fax: 2614622, Phone: 0172-5022364, 5022357**

## ਦਾਖਲਾ ਨੋਟਿਸ ਸੈਸ਼ਨ ਅਗਸਤ 2017

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਨਿਉ ਵੋਕੇਸ਼ਨਲ ਟ੍ਰੇਨਿੰਗ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦਾ ਦਾਖਲਾ ਕਰਨ ਸਬੰਧੀ ਅਰਜੀਆਂ ਦੀ ਮੰਗ ਹੇਠ ਅਨੁਸਾਰ ਕੀਤੀ ਜਾਂਦੀ ਹੈ।ਅਨੁਸੂਚਿੱਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ ਵਲੋਂ ਸਿਖਿਆਰਥੀਆਂ ਨੂੰ ਇਸ ਸਕੀਮ ਤਹਿਤ 750/- ਰੁ: ਪ੍ਰਤੀ ਮਹੀਨਾ ਪ੍ਰਤੀ ਸਿਖਿਆਰਥੀ ਸ਼ਕਾਲਰਸ਼ਿਪ/ ਸਟਾਈਪੰਡ ਦਿੱਤਾ ਜਾਵੇਗਾ।ਦਾਖਲੇ ਕਰਨ ਦੇ ਪ੍ਰੋਗ੍ਰਾਮ ਦਾ ਵੇਰਵਾ ਹੇਠ ਅਨੁਸਾਰ ਹੈ।

| | | |
|---|---|---|
| | ਕਾਉਂਸਲਿੰਗ ਸ਼ੁਰੂ ਹੋਣ ਦੀ ਮਿਤੀ | **11.08.17** |
| 1 | ਅਰਜੀਆਂ ਲੈਣ ਦੀ ਆਖਰੀ ਮਿਤੀ | **13.08.17** |
| 2 | ਮੈਰਿਟ ਲਿਸ਼ਟਾਂ ਨੌਟਿਸ ਬੋਰਡ ਤੇ ਲਗਾਉਣ ਦੀ ਮਿਤੀ | **14.08.17** ਸਵੇਰੇ 10:00 ਵਜੇ ਤੱਕ |
| 3 | ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | **14.08.17** ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ |
| 4 | ਓਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ | **14.08.17** ਬਾਦ ਦੁਪਹਿਰ 01:00 ਤੋਂ 05:00 ਵਜੇ |
| 5 | ਕਲਾਸਾਂ ਲਗਾਉਣ ਦੀ ਮਿਤੀ | **01.09.17** |

ਉਦਯੋਗਿਕ ਸਿਖਲਾਈ ਸੰਸਥਾ ਅਤੇ ਟਰੇਡ (ਯੂਨਿਟ), ਜਿਨ੍ਹਾਂ ਵਿੱਚ ਦਾਖਲਾ ਕੀਤਾ ਜਾ ਰਿਹਾ ਹੈ ਦਾ ਵੇਰਵਾ ਵਿਭਾਗ ਦੀ ਹੇਠ ਦਰਸਾਈ ਵੈਬਸਾਈਟ ਉਪਰ ਉਪਲੱਬਧ ਹੈ:

**www.punjabitis.gov.in**

ਜ਼ਰੂਰੀ ਨੋਟ

| | |
|---|---|
| 1 | ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ। |
| 2 | ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ। |
| 3 | ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਬਾਦ ਦੁਪਹਿਰ 12:00 ਵਜੇ ਤੋਂ 1.00 ਵੱਜੇ ਤੱਕ ਹਾਜਰੀ ਲਗਾਉਣਗੇ। |
| 4 | ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਸਭ ਦੀ ਇਕੋ ਹੀ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ। |
| 5 | ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਜਾਤੀ ਸਰਟੀਫਿਕੇਟ ਅਤੇ ਢਾਈ ਲੱਖ ਤੋ ਘੱਟ ਸਲਾਨਾ ਆਮਦਨ ਸਰਟੀਫਿਕੇਟ ਨਾਲ ਲੈ ਕੇ ਆਉਣਗੇ। ਇੰਟਰਵਿਊ ਦੀ ਮਿਤੀ ਨੂੰ ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਦਾਖਲੇ ਲਈ ਵਿਚਾਰਿਆ ਨਹੀ ਜਾਵੇਗਾ। |
| 6 | ਜੇਕਰ ਕੌਂਸਲਿੰਗ ਸੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸ ਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ। |
| 7 | ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ। |
| 8 | ਸੰਸਥਾਂ ਮੁੱਖੀ ਵੱਲੋਂ ਟਰੇਡਾਂ ਦੀ SCVT/ NCVT ਮਾਨਤਾ ਬਾਰੇ ਸੰਸਥਾ ਦੇ ਨੋਟਿਸ ਬੋਰਡ ਉਪਰ ਵੇਰਵਾ ਡਿਸਪਲੇ ਕਰਵਾਇਆ ਜਾਵੇਗਾ। NCVT ਟਰੇਡਾਂ ਸਬੰਧੀ ਵੇਰਵਾ NCVT-MIS ਪੋਰਟਲ ਉਪਰ ਪੁਸ਼ਟੀ ਕਰਨ ਉਪਰੰਤ ਹੀ ਡਿਸਪਲੇ ਕਰਵਾਇਆ ਜਾਵੇਗਾ। |
| 9 | ਇਸ ਸਕੀਮ ਦੀ ਵਧੇਰੇ ਜਾਣਕਾਰੀ ਲਈ ਡਾਇਰੈਕਟਰ, ਅਨੁਸੂਚਿੱਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ-34-ਏ, ਚੰਡੀਗੜ ਅਤੇ ਪੰਜਾਬ ਰਾਜ ਦੇ ਜ਼ਿਲਿਆਂ ਵਿਚ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਅਤੇ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਟਰੇਡਾਂ ਦੀ ਸਿਖਲਾਈ ਭਲਾਈ ਵਿਭਾਗ ਵ੍ਲੋਂ ਸਪੋਂਸਰ ਕੀਤੀ ਜਾ ਰਹੀ ਹੈ। |

ਮਿਤੀ: 09.08.2017

ਪ੍ਰਵੀਨ ਕੁਮਾਰ ਥਿੰਦ, ਆਈ.ਏ.ਐਸ.
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।